ਸ਼ਹੀਦ ਦਾ ਸੰਕਲਪ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ

ਕਰਮਜੀਤ ਸਿੰਘ (ਚੰਡੀਗੜ੍ਹ)
ਮੋਬਾਇਲ : 99150-91063

"ਸ਼ਹੀਦ", "ਸ਼ਹਾਦਤ" ਅਤੇ "ਖਾਲਸਾ" ਤਿੰਨੇ ਸ਼ਬਦ ਅਰਬੀ ਭਾਸ਼ਾ ਵਿਚੋਂ ਸਫਰ ਕਰਦੇ ਕਰਦੇ ਪੰਜਾਬੀ ਬੋਲੀ ਵਿਚ ਇਸ ਤਰ੍ਹਾਂ ਘੁਲ ਮਿਲ ਗਏ ਹਨ ਜਿਵੇਂ ਇਨ੍ਹਾਂ ਸ਼ਬਦਾਂ ਦਾ ਸਾਡੇ ਨਾਲ ਨਹੁੰ-ਮਾਸ ਦਾ ਰਿਸ਼ਤਾ ਹੋਏ। ਫਿਰ ਸਿੱਖ ਕੌਮ ਲਈ ਤਾਂ ਇਹ ਤਿੰਨੇ ਲਫਜ਼ ਪਵਿੱਤਰ ਦਰਜਾ ਅਖਤਿਆਰ ਕਰ ਗਏ ਹਨ। ਇਸ ਗੱਲ ਨਾਲ ਸਾਰੇ ਵਿਦਵਾਨ ਸਹਿਮਤ ਹਨ ਕਿ ਭਾਵੇਂ "ਸ਼ਹੀਦ" ਸ਼ਬਦ ਦੇ ਮੂਲ ਅਰਥਾਂ ਨੂੰ, ਇਸ ਦੇ ਅੰਤਰੀਵ ਤੱਤ ਨੂੰ ਸਿੱਖ ਧਰਮ ਨੇ ਆਪਣੇ ਦਿਲ ਵਿਚ ਸਾਂਭ ਰੱਖਿਆ ਹੈ ਪਰ ਨਾਲ ਹੀ ਮਹਾਨ ਸੱਚ ਇਹ ਵੀ ਹੈ ਕਿ ਸਿੱਖਾਂ ਨੇ ਇਸ ਸ਼ਬਦ ਨੂੰ ਅਣਗਿਣਤ ਰੰਗ ਦਿੱਤੇ ਹਨ, ਜੋ ਨਿਵੇਕਲੇ ਹਨ, ਵੰਨ-ਸੁਵੰਨੇ ਹਨ, ਅਨੋਖੇ ਵੀ ਹਨ, ਕਈ ਵਾਰ ਪੂਰੀ ਤਰ੍ਹਾਂ ਸਮਝ ਵਿਚ ਵੀ ਨਹੀਂ ਪੈਂਦੇ, ਕਈ ਵਾਰ ਹੈਰਾਨ ਵੀ ਕਰਦੇ ਹਨ ਅਤੇ ਵਿਸਮਾਦ ਦੀ ਦੁਨੀਆਂ ਵੱਲ ਲੈ ਜਾਂਦੇ ਹਨ। ਯੂਨਾਨੀ ਭਾਸ਼ਾ ਵਿਚ ਇਹ ਸ਼ਬਦ Martyr ਹੈ ਜਦ ਕਿ ਅਰਬੀ ਭਾਸ਼ਾ ਵਿਚ ਇਹ "ਸ਼ਹੀਦ" ਹੈ ਪਰ ਦੋਵਾਂ ਦਾ ਅਰਥ ਇਕੋ ਹੈ-ਗਵਾਹੀ ਦੇਣ ਵਾਲਾ। ਕੁਰਾਨ ਵਿਚ ਵੀ ਕਈ ਥਾਵਾਂ 'ਤੇ "ਸ਼ਹੀਦ" ਸ਼ਬਦ ਦੀ ਵਰਤੋਂ ਹੋਈ ਹੈ। ਸ਼ਹੀਦ ਗਵਾਹੀ ਦਿੰਦਾ ਹੈ, ਉਸ ਬਾਣੀ ਦੀ ਉਸ ਕਲਾਮ ਦੀ, ਜੋ ਧੁਰੋਂ ਆਇਆ ਹੈ, ਜਿਸ ਨੂੰ ਗੁਰੂ ਨਾਨਕ ਸਾਹਿਬ "ਖਸਮ ਕੀ ਬਾਣ" ਆਖਦੇ ਹਨ। ਸ਼ਹੀਦ ਆਪਣੀ ਖੁਰਾਕ ਉਸ ਪਵਿੱਤਰ ਸੋਮੇ ਤੋਂ ਲੈਂਦਾ ਹੈ, ਜਿਸ ਨੂੰ ਅਸਾਂ ਗੁਰੂ ਗ੍ਰੰਥ ਸਾਹਿਬ ਦਾ ਨਾਂਅ ਦਿੱਤਾ ਹੈ। ਸ਼ਹੀਦ ਗੁਰੂ ਗ੍ਰੰਥ ਸਾਹਿਬ ਦੀ ਲਿਵ ਵਿਚ ਜੁੜ ਕੇ ਜ਼ਿੰਦਗੀ ਦੀਆਂ ਸੱਚਾਈਆਂ ਨੂੰ ਇਤਿਹਾਸ ਵਿਚ ਉਤਾਰਦਾ ਹੈ, ਅਰੂਪ ਨੂੰ ਰੂਪਮਾਨ ਕਰਦਾ ਹੈ, ਗੁਪਤ ਨੂੰ ਪ੍ਰਤੱਖ ਕਰਦਾ ਹੈ, ਅਸਪਸ਼ਟ ਨੂੰ ਸਪਸ਼ਟ ਕਰਦਾ ਹੈ, ਧੁੰਦ ਨੂੰ ਮਿਟਾ ਕੇ ਚਾਨਣ ਕਰਦਾ ਹੈ। ਸਿੱਖ ਧਰਮ ਵਿਚ

ਸ਼ਹਾਦਤ ਦੇ ਅਣਗਿਣਤ ਰੰਗਾਂ ਦੀ ਜੋ ਪੀਂਘ ਚੜ੍ਹੀ ਹੈ, ਅੱਜ ਅਸੀਂ ਕੁਝ ਕੁ ਰੰਗਾਂ ਦੀਆਂ ਡੂੰਘੀਆਂ ਪਰਤਾਂ ਫਰੋਲਦੇ ਹਾਂ ਜੋ ਭਾਵੇਂ ਸਾਡੇ ਇਤਿਹਾਸ ਦਾ ਸੁਨਹਿਰੀ ਕਾਂਡ ਹਨ ਪਰ ਇਹ ਕਾਂਡ ਉਨ੍ਹਾਂ ਸਭਨਾਂ ਲੋਕਾਂ ਦੀ ਸਾਂਝੀ ਵਿਰਾਸਤ ਵੀ ਹੈ, ਜੋ ਆਜ਼ਾਦੀ ਤੇ ਬਹਾਦਰੀ ਦਾ ਇਕ ਸੰਸਾਰ ਬਣਾਉਣ ਦੀ ਰੀਝ ਰੱਖਦੇ ਹਨ ਜਾਂ ਇਸ ਦੁਨੀਆਂ ਨੂੰ ਬੇਗਮਪੁਰਾ ਸ਼ਹਿਰ ਵਿਚ ਬਦਲਣਾ ਚਾਹੁੰਦੇ ਹਨ। ਸਿੱਖੀ ਵਿਚ ਸ਼ਹਾਦਤ ਦੀ ਦਾਰਸ਼ਨਿਕ ਨੀਂਹ ਗੁਰੂ ਨਾਨਕ ਸਾਹਿਬ ਨੇ ਹੀ ਰੱਖ ਦਿੱਤੀ, ਜਦੋਂ ਉਨ੍ਹਾਂ ਨੇ ਸਿੱਖੀ ਮਾਰਗ ਉੱਤੇ ਚੱਲਣ ਵਾਸਤੇ ਆਪਣੀ ਜਾਨ ਨੂੰ ਤਲੀ ਉੱਤੇ ਰੱਖ ਕੇ ਆਉਣ ਦੀ ਸ਼ਰਤ ਰੱਖ ਦਿੱਤੀ। ਜ਼ਿੰਦਗੀ ਵਿਚ ਮੁਹੱਬਤ ਦਾ ਬਹੁਤ ਉੱਚਾ ਸਥਾਨ ਹੈ। ਪਰ ਰੱਬ ਨਾਲ ਮੁਹੱਬਤ ਦਾ ਸਥਾਨ ਸਭ ਤੋਂ ਉੱਚਾ ਹੈ ਕਿਉਂਕਿ ਜੀਵਨ ਦੇ ਤਮਾਮ ਦਿੱਸਦੇ, ਅਣਦਿੱਸਦੇ ਤੇ ਸੂਖਮ ਭੇਤ ਅਤੇ ਰਿਸ਼ਤਿਆਂ ਦੇ ਰਾਜ਼ ਰੱਬੀ ਇਸ਼ਕ ਵਿਚੋਂ ਹੀ ਹਾਸਲ ਹੁੰਦੇ ਹਨ ਪਰ ਹਾਸਲ ਉਦੋਂ ਹੀ ਹੁੰਦੇ ਹਨ ਜਦੋਂ ਬੰਦਾ ਜ਼ਿੰਦਗੀ ਦੀ ਸਭ ਤੋਂ ਪਿਆਰੀ ਚੀਜ਼ ਅਰਥਾਤ ਆਪਣੀ ਜਾਨ ਨੂੰ ਉਸ ਵੱਡੇ ਇਸ਼ਕ ਦੇ ਹਵਾਲੇ ਕਰ ਦਿੰਦਾ ਹੈ। ਇਸ ਜਾਨ ਵਿਚ ਤਨ, ਮਨ ਤੇ ਧਨ ਤਿੰਨੇ ਹੀ ਸ਼ਾਮਲ ਹੁੰਦੇ ਹਨ। ਇਕ ਹੋਰ ਸ਼ਰਤ ਵੀ ਗੁਰੂ ਨਾਨਕ ਸਾਹਿਬ ਵੱਲੋਂ ਨਾਲ ਹੀ ਜੋੜ ਦਿੱਤੀ ਗਈ ਹੈ ਕਿ ਇਹ ਸਭ ਕੁਝ ਅਰਪਣ ਕਰਕੇ ਬੰਦੇ ਨੇ ਅਹਿਸਾਨ ਕਰਨ ਦੀ ਭਾਵਨਾ ਤੋਂ ਵੀ ਮੁਕਤ ਹੋਣਾ ਹੈ। ਸ਼ਹੀਦ ਇਨ੍ਹਾਂ ਅਲੌਕਿਕ ਰੀਤਾਂ ਦੀ ਪਾਲਣਾ ਕਰਦਾ ਹੋਇਆ ਗਵਾਹ ਬਣਦਾ ਹੈ ਜਾਂ ਦੂਜੇ ਲਫਜ਼ਾਂ ਵਿਚ "ਨਨਕਾਣੇ ਦਾ ਪਾਂਧੀ" ਬਣਦਾ ਹੈ।

ਗੁਰੂ ਅਰਜਨ ਦੇਵ ਜੀ ਸ਼ਹੀਦਾਂ ਦੇ ਸਿਰਤਾਜ ਹਨ, ਜਿਨ੍ਹਾਂ ਦੀ ਸ਼ਹਾਦਤ ਅਮਨ ਤੇ ਜੰਗ ਦਾ ਇਕ ਅਜਿਹਾ ਸੁਮੇਲ ਹੈ, ਜਿਥੇ ਜੰਗ ਦਾ ਸੰਦੇਸ਼ ਤਾਂ ਲੁਕਿਆ ਪਿਆ ਹੈ ਜਦ ਕਿ ਅਮਨ ਦੀ ਮਿੱਥ ਦੇ ਸਾਰੇ ਸੁੱਚੇ ਰੰਗ ਜੱਗ ਜ਼ਾਹਰ ਹੋਏ ਹਨ। ਜੰਗ ਦਾ ਲੁਕਿਆ ਰੰਗ ਉਦੋਂ ਪ੍ਰਗਟ ਹੁੰਦਾ ਹੈ ਜਦੋਂ ਗੁਰੂ ਅਰਜਨ ਦੇਵ ਜੀ ਦੀ ਅਕਾਲ ਮੂਰਤ ਪਲਟ ਕੇ ਗੁਰੂ ਹਰਗੋਬਿੰਦ ਦਾ ਰੂਪ ਅਖਤਿਆਰ ਕਰਦੀ ਹੈ। ਸਿੱਖੀ ਵਿਚ ਅਮਨ ਦੀ ਠੰਡਕ ਤੇ ਜੰਗ ਦਾ ਸੇਕ ਨਾਲ-ਨਾਲ ਸਫਰ ਕਰਦੇ ਹਨ। ਦਸ ਦੇ ਦਸ ਗੁਰੂ ਸਾਹਿਬਾਨ ਹਾਲਤਾਂ ਮੁਤਾਬਿਕ ਇਨ੍ਹਾਂ ਦੋਹਾਂ ਹਕੀਕਤਾਂ ਦੇ ਭਿੰਨ-ਭਿੰਨ ਰੰਗ ਆਪਣੇ-ਆਪਣੇ ਅੰਦਾਜ਼ ਵਿਚ ਪੇਸ਼ ਕਰਦੇ ਰਹੇ ਹਨ। ਹਾਂ, ਇਹ ਗੱਲ ਵੱਖਰੀ ਹੈ ਕਿ ਇਤਿਹਾਸਕਾਰਾਂ ਤੇ ਵਿਦਵਾਨਾਂ ਦੀ ਪੂਰੀ ਤਰ੍ਹਾਂ ਪਕੜ ਵਿਚ ਨਹੀਂ ਆ ਸਕੇ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਵਿਚ ਜੰਗ ਤੇ ਅਮਨ ਦਾ ਸਦੀਵੀ ਰਿਸ਼ਤਾ ਸਾਡੇ ਸਾਹਮਣੇ ਕਿਸੇ ਹੋਰ ਰੰਗ ਵਿਚ ਪ੍ਰਗਟ ਹੁੰਦਾ ਹੈ। ਇਥੇ ਕਿਸੇ ਹੋਰ ਧਰਮ ਦੇ ਵਿਸ਼ਵਾਸ ਦੀ ਰੱਖਿਆ ਦਾ ਸਵਾਲ ਏਜੰਡੇ ਉੱਤੇ ਆ ਜਾਂਦਾ ਹੈ। ਇਸ ਦੁਨੀਆਂ ਵਿਚ ਮਨੁੱਖਾਂ ਦੇ ਆਪਣੇ ਵਿਸ਼ਵਾਸ ਹਨ ਅਤੇ ਇਸ ਨਾਤੇ ਉਸ ਦੇ ਕੁਝ ਅਧਿਕਾਰ ਵੀ ਹਨ। ਗੁਰੂ ਤੇਗ ਬਹਾਦਰ ਸਾਹਿਬ ਮਨੁੱਖੀ ਅਧਿਕਾਰਾਂ ਦੀ ਰੱਖਿਆ ਦੀ ਲਹਿਰ ਦੇ ਪਹਿਲੇ ਸ਼ਹੀਦ ਹਨ। ਨੌਵੇਂ ਗੁਰੂ ਚਾਹੁੰਦੇ ਹਨਕਿ ਮਨੁੱਖ ਦੇ ਅੰਦਰ ਜ਼ਮੀਰ ਨਹੀਂ ਮਰਨੀ ਚਾਹੀਦੀ ਕਿਉਂਕਿ ਜ਼ਮੀਰ ਪ੍ਰਮਾਤਮਾ ਦਾ ਇਕ ਹਿੱਸਾ ਹੈ ਅਤੇ ਇੰਜ ਗੁਰੂ ਸਾਹਿਬ ਮਨੁੱਖੀ ਜ਼ਮੀਰਾਂ ਨੂੰ ਜਿਉਂਦਿਆਂ ਤੇ ਜਾਗਦਿਆਂ ਰੱਖਣ ਲਈ ਗਵਾਹ ਬਣਦੇ ਹਨ। "ਨਾ ਡਰਨਾ ਤੇ ਨਾ ਡਰਾਉਣਾ" ਦੇ ਪਵਿੱਤਰ ਸਿਧਾਂਤ ਨੂੰ ਆਪਣੀ ਸ਼ਹਾਦਤ ਰਾਹੀਂ ਗੁਰੂ ਸਾਹਿਬ ਨੇ ਇਤਿਹਾਸ ਵਿਚ ਸਥਾਪਤ ਕੀਤਾ ਹੈ। ਨੋਟ ਕਰਨ ਵਾਲੀ ਸੱਚਾਈ ਇਹ ਹੈ ਕਿ ਇਸ ਸਿਧਾਂਤ ਨੂੰ ਸਥਾਪਤ ਕਰਨ ਵਾਲੇ ਦਾ ਨਾਂਅ "ਤੇਗ ਬਹਾਦਰ" ਹੈ ਅਰਥਾਤ ਤਲਵਾਰ ਦਾ ਧਨੀ ਜਾਂ ਦੂਜੇ ਲਫਜ਼ਾਂ ਵਿਚ ਇਹ ਤੇਗ ਉਨ੍ਹਾਂ ਦੇ ਸਿਧਾਂਤ ਵਿਚੋਂ ਮਨਫੀ ਨਹੀਂ, ਗੈਰ ਹਾਜ਼ਰ ਨਹੀਂ, ਸਗੋਂ ਅੰਗ ਸੰਗ ਹੈ।

ਹਾਲਾਂਕਿ ਬੰਦ-ਬੰਦ ਕਟਵਾ ਕੇ ਸ਼ਹਾਦਤ ਦਾ ਜਾਮ ਪੀਣ ਵਾਲੇ ਭਾਈ ਮਨੀ ਸਿੰਘ, ਸੀਸ ਤਲੀ ਉੱਤੇ ਟਿਕਾ ਕੇ ਲੜਨ ਵਾਲੇ ਬਾਬਾ ਦੀਪ ਸਿੰਘ, ਖੋਪਰੀ ਲੁਹਾ ਕੇ ਸਿੱਖੀ ਨੂੰ ਕਾਇਮ ਰੱਖਣ ਵਾਲੇ ਭਾਈ ਤਾਰੂ ਸਿੰਘ, ਉਬਲਦੇ ਪਾਣੀ ਵਿਚ ਲੰਘਦੇ ਭਾਈ ਦਿਆਲਾ ਜੀ, ਵੱਡੇ ਤੇ ਛੋਟੇ ਘਲੂਘਾਰੇ ਵਿਚ ਸ਼ਹੀਦ ਹੋਣ ਵਾਲੇ ਸਿੰਘ ਤੇ ਸਿੰਘਣੀਆਂ, ਸਿੱਖ ਰਾਜ ਦੇ ਡੁੱਬਦੇ ਸੂਰਜ ਦਾ ਆਖਰੀ ਗਵਾਹ ਸ਼ਾਮ ਸਿੰਘ ਅਟਾਰੀ ਵਾਲਾ ਅਤੇ ਸਾਡੇ ਵਰਤਮਾਨ ਦੌਰ ਦੇ ਸ਼ਹੀਦਾਂ ਵਿਚੋਂ ਹਰ ਇਕ ਸ਼ਹੀਦ ਦੀ ਸ਼ਹਾਦਤ ਦੇ ਵੱਖ ਵੱਖ ਰੰਗ ਹਨ, ਉਨ੍ਹਾਂ ਸਭਨਾਂ ਦੇ ਵੱਖ-ਵੱਖ ਪੈਗ਼ਾਮ ਹਨ ਅਤੇ ਵੱਖਰੇ-ਵੱਖਰੇ ਲੇਖ ਦੀ ਵੀ ਮੰਗ ਕਰਦੇ ਹਨ, ਪਰ ਅੱਜ ਅਸੀਂ ਸਾਹਿਬਜ਼ਾਦਿਆਂ ਦੇ ਪ੍ਰਸੰਗ ਵਿਚ ਸ਼ਹੀਦੀ ਦੇ ਸੰਕਲਪ ਦੀਆਂ ਅੱਡ-ਅੱਡ ਤੈਹਾਂ ਵਿਚ ਉਤਰਦੇ ਹਾਂ ਜਿਨ੍ਹਾਂ ਦੀ ਪਵਿੱਤਰ ਯਾਦ ਸਾਡੇ ਅਚੇਤ ਮਨ ਵਿਚ ਵੀ ਵਸੀ ਪਈ ਹੈ ਅਤੇ ਸੁਚੇਤ ਮਨ ਵਿਚ ਵੀ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਦੁਨੀਆਂ ਦੀਆਂ ਸਿਰਤਾਜ ਸ਼ਹਾਦਤਾਂ ਵਿਚੋਂ ਇਕ ਹੈ ਕਿਉਂਕਿ ਗੁਰੂ ਗੋਬਿੰਦ ਸਿੰਘ ਦੀ ਮੁਹੱਬਤ ਦਾ ਦਰਿਆ ਜੋ ਉਸ ਦੀ ਯਾਦ ਵਿਚ ਵਗਿਆ, ਉਸ ਨੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ।

ਸਿੱਖ ਧਰਮ ਵਿਚ ਨਿਰੋਲ ਸ਼ਹਾਦਤ ਦੇ ਸੰਕਲਪ ਨੂੰ ਲੈ ਕੇ ਬਹੁਤ ਘੱਟ ਲਿਖਿਆ ਗਿਆ ਹੈ। ਤਾਜ਼ਾ ਪੁਸਤਕ ਜੁਈਸ ਈ ਫੈਨਕ ਦੀ ਹੈ **Martyrdom in The Sikh Tradition.** ਇਕ ਹੋਰ ਪੁਸਤਕ ਡਾ. ਮੋਹਨ ਸਿੰਘ ਦੀਵਾਨਾ ਦੇ ਪੁੱਤਰ ਜੇ.ਪੀ.ਐਸ. ਓਬਰਾਏ ਦੀ ਹੈ, ਜੋ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਪ੍ਰਸੰਗ ਵਿਚ ਸ਼ਹੀਦੀ ਦੇ ਸੰਕਲਪ ਦੀ ਉਸਾਰੀ ਕਰਦੀ ਹੈ। ਹਰਿੰਦਰ ਸਿੰਘ ਮਹਿਬੂਬ "ਸਹਿਜੇ ਰਚਿਓ ਖਾਲਸਾ" ਪੁਸਤਕ ਵਿਚ ਸ਼ਹਾਦਤ ਦੇ ਬਹੁਤ ਸਾਰੇ ਰੂਪਾਂ ਵਿਚ ਬਹੁਤ ਡੂੰਘਾ ਉਤਰਿਆ ਹੈ ਅਤੇ ਓੜਕ ਨੂੰ ਉਹ ਸ਼ਹਾਦਤ ਨੂੰ ਵਿਸਮਾਦ ਤੇ ਰਹੱਸ ਦੀ ਦੁਨੀਆਂ ਵਿਚ ਉਤਾਰ ਦਿੰਦਾ ਹੈ। ਸਿੱਖ ਸ਼ਹਾਦਤ ਦੇ ਰੂਹਾਨੀ ਰੰਗ ਉਸ ਤੋਂ ਬਿਨਾਂ ਕੋਈ ਹੋਰ ਨਹੀਂ ਫੜ ਸਕਿਆ। **Encyclopaedia of Sikhisim** ਵਿਚ ਸ਼ਹਾਦਤ ਦੀ ਪ੍ਰੀਭਾਸ਼ਾ ਮੈਨੂੰ ਬਹੁਤ ਹੀ ਪਿਆਰੀ ਲੱਗੀ ਹੈ ਜਿਸ ਵਿਚ ਸੱਚ ਦਾ ਗਵਾਹ ਬਣਨ ਵਾਲੇ ਨੂੰ ਸ਼ਹੀਦ ਕਿਹਾ ਗਿਆ ਹੈ। ਜਿਥੋਂ ਤੱਕ ਸੱਚ ਦਾ ਸਵਾਲ ਹੈ, ਇਕ "ਇਸ" ਦੁਨੀਆਂ ਦਾ ਸੱਚ ਹੈ ਅਤੇ ਦੂਜਾ "ਉਸ" ਦੁਨੀਆਂ ਦਾ। ਕਈ ਵਾਰ ਸ਼ਹਾਦਤ ਇਸ ਦੁਨੀਆਂ ਦੀਆਂ ਕਦਰਾਂ ਕੀਮਤਾਂ ਤੱਕ ਹੀ ਮਹਿਦੂਦ ਹੁੰਦੀ ਹੈ ਪਰ ਕਈ ਵਾਰ ਇਹ ਦੂਜੀ ਦੁਨਿਆਵੀ ਸੱਚਾਈਆਂ ਤੋਂ ਉੱਪਰ ਉੱਠ ਕੇ ਰਹੱਸ ਦੇ ਆਲਮ ਵਿਚ ਵੀ ਪ੍ਰਵੇਸ਼ ਕਰ ਜਾਂਦੀ ਹੈ। ਜਦੋਂ ਸ਼ਹੀਦ ਇਕ ਵੱਡੇ ਸੱਚ ਦਾ ਗਵਾਹ ਬਣ ਕੇ ਸ਼ਹਾਦਤ ਦਾ ਜਾਮ ਪੀਂਦਾ ਹੈ ਅਤੇ ਇਸ ਦਾ ਰੰਗ ਹੋਰਨਾਂ ਨੂੰ ਵੀ ਚਾੜ੍ਹ ਦਿੰਦਾ ਹੈ ਅਤੇ ਇਹ ਗੀਤ ਕਿਸੇ ਕੌਮ ਦੀ ਰਵਾਇਤ ਵਿਚ ਸ਼ਾਮਲ ਹੋ ਜਾਂਦੀ ਹੈ ਤਾਂ ਅਸੀਂ ਕਹਿ ਸਕਦੇ ਹਾਂ ਕਿ ਸ਼ਹਾਦਤ ਦੇ ਸਾਰੇ ਰੰਗਾਂ ਦਾ ਪ੍ਰਕਾਸ਼ ਹੋ ਗਿਆ ਹੈ। ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਦੀਆਂ ਸ਼ਹਾਦਤਾਂ ਇਸੇ ਵਰਗ ਵਿਚ ਆਉਂਦੀਆਂ ਹਨ। ਜਿਥੋਂ ਤੱਕ ਸਵਾਲ ਹੈ ਕਿ ਸ਼ਹਾਦਤ ਹੁੰਦੀ ਕੀ ਹੈ? ਇਸ ਦੀ ਅਕਾਦਮਿਕ ਪ੍ਰੀਭਾਸ਼ਾ ਕੀ ਹੈ? ਇਸ ਬਾਰੇ ਵੈਸੇ ਦੁਨੀਆਂ ਭਰ ਦੇ ਵਿਦਵਾਨਾਂ ਨੇ ਬਹੁਤ ਕੁੱਝ ਲਿਖਿਆ ਹੈ। ਇਸਲਾਮ ਸ਼ਾਇਦ ਇਸ ਸ਼ਬਦ ਦੇ ਡੂੰਘੇ ਅਰਥਾਂ ਦੀ ਤਲਾਸ਼ ਵਿਚ ਬਹੁਤ ਦੂਰ ਤੱਕ ਨਿਕਲ ਗਿਆ ਹੈ। ਪਰ ਜੇ ਸ਼ਹਾਦਤ ਦੀ ਵਿਆਖਿਆ ਤੇ ਪ੍ਰੀਭਾਸ਼ਾ ਦਾ ਅਨੰਦ ਮਾਨਣਾ ਹੋਵੇ ਅਤੇ ਜੇਕਰ ਉਹ ਅਨੰਦ ਦੇਣ ਵਾਲਾ ਖੁਦ ਵੀ ਸ਼ਹਾਦਤ ਤੋਂ ਪਹਿਲਾਂ ਉਸ ਅਨੰਦ ਦੇ ਦ੍ਰਿਸ਼ ਦੁਨੀਆਂ ਦੇ ਸਾਹਮਣੇ ਪੇਸ਼ ਕਰ ਦੇਵੇ ਤਾਂ ਉਹ ਸਿਹਰਾ ਕੇਵਲ ਸੁਖਦੇਵ ਸਿੰਘ ਸੁੱਖਾ ਤੇ ਹਰਜਿੰਦਰ ਸਿੰਘ ਜਿੰਦਾ ਨੂੰ ਹੀ ਨਸੀਬ ਹੋ ਸਕਿਆ ਹੈ। ਮੈਂ ਸ਼ਹੀਦਾਂ ਵੱਲੋਂ ਆਪਣੇ ਵਿਸ਼ਵਾਸ ਨੂੰ ਬੁਲੰਦ ਰੱਖਣ ਬਾਰੇ ਆਪਣੀ ਕੌਮ ਜਾ ਦੇਸ਼ ਦੇ ਲੋਕਾਂ ਨੂੰ ਦਿੱਤੇ ਅੰਤਮ ਸੁਨੇਹੇ ਵਾਚਣ ਦੀ ਬਹੁਤ ਕੋਸ਼ਿਸ਼ ਕੀਤੀ ਹੈ ਪਰ ਜਿਸ ਤਰ੍ਹਾਂ ਇਨ੍ਹਾਂ ਦੋ ਨੌਜਵਾਨਾਂ ਦੀ ਭਾਰਤ ਦੇ ਰਾਸ਼ਟਰਪਤੀ ਨੂੰ ਲਿਖੀ ਚਿੱਠੀ ਵਿਚ ਸ਼ਹਾਦਤ ਦੀ ਪ੍ਰੀਭਾਸ਼ਾ ਤੇ ਇਸ ਦੇ ਅਰਥ ਦਿੱਤੇ ਹਨ, ਉਹ ਹੋਰ ਕਿਤੇ ਵੀ ਨਹੀਂ ਮਿਲਦੇ। ਇਥੇ ਸ਼ਹਾਦਤ ਦਾ ਸਿੱਖ ਸੰਕਲਪ ਏਨੇ ਸਾਫ, ਸਪਸ਼ਟ ਤੇ ਨਿਖਰਵੇਂ ਅੰਦਾਜ਼ ਵਿਚ ਪੇਸ਼ ਹੁੰਦਾ ਹੈ ਕਿ ਇਹ ਸਾਰੀ ਦੁਨੀਆਂ ਦੇ ਸ਼ਹੀਦਾਂ ਅਤੇ ਇਨਕਲਾਬੀਆਂ ਨੂੰ ਆਪਣੇ ਕਲਾਵੇ ਵਿਚ ਲੈ ਆਉਂਦਾ ਹੈ। ਇਉਂ ਲਗਦਾ ਹੈ ਜਿਵੇਂ ਸਾਰੇ ਧਰਮ ਅਤੇ ਹੱਕ ਤੇ ਸੱਚ ਲਈ ਲੜਨ ਵਾਲੇ ਸਭ ਇਨਕਲਾਬੀ ਸਿੱਖ ਧਰਮ ਵਿਚ ਇਕੱਠੇ ਹੋ ਕੇ ਮੌਤ ਦਾ ਜਸ਼ਨ ਮਨਾ ਰਹੇ ਹੋਣ।

ਮੈਂ ਇਥੇ ਰਾਸ਼ਟਰਪਤੀ ਰਾਹੀਂ ਦਿੱਤੇ ਉਨ੍ਹਾਂ ਦੇ ਅੰਤਮ ਸੁਨੇਹੇ ਦੇ ਕੁਝ ਸ਼ਬਦ ਇੰਨ ਬਿੰਨ ਪੇਸ਼ ਕਰਨ ਦੀ ਇਜਾਜ਼ਤ ਲੈ ਰਿਹਾ ਹਾਂ ਜਿਸ ਉੱਤੇ ਉਨ੍ਹਾਂ ਦੇ ਆਪਣੇ ਹੱਥਾਂ ਨਾਲ ਕੀਤੇ ਦਸਤਖ਼ਤ ਹਨ:

"ਅਸੀਂ ਤੁਹਾਡੇ ਰਾਹੀਂ ਇਹ ਪੈਗਾਮ ਦੇਣਾ ਚਾਹੁੰਦੇ ਹਾਂ ਕਿ ਸਾਡਾ ਹਿੰਦੁਸਤਾਨ ਦੇ ਮਹਾਨ ਲੋਕਾਂ, ਇਸ ਦੀ ਧਰਤੀ ਨਾਲ ਕੋਈ ਵੈਰ ਵਿਰੋਧ ਜਾਂ ਦੁਸ਼ਮਣੀ ਨਹੀਂ। ਉਨ੍ਹਾਂ ਪ੍ਰਤੀ ਨਫਰਤ ਦੀ ਭਾਵਨਾ ਦੇ ਅਸੀਂ ਨੇੜੇ ਤੇੜੇ ਵੀ ਨਹੀਂ ਹਾਂ। ਅਸੀਂ ਤਾਂ ਧਰਤ-ਅਸਮਾਨ ਨੂੰ ਆਪਣੀ ਗਲਵਕੜੀ ਵਿਚ ਲੈਣ ਲਈ ਬਿਹਬਲ ਹਾਂ ਅਤੇ ਸਮੁੱਚੇ ਬ੍ਰਹਿਮੰਡ ਅਤੇ ਇਸ ਵਿਚ ਵੱਸਦੀ ਰਸਦੀ ਜ਼ਿੰਦਗੀ ਦੀ ਆਰਤੀ ਉਤਾਰਦੇ ਹਾਂ। ਹਿੰਦੁਸਤਾਨ ਵਿਚ ਦੱਬੇ ਕੁਚਲੇ ਲੋਕਾਂ, ਸਦੀਆਂ ਤੋਂ ਬ੍ਰਾਹਮਣਵਾਦ ਦੀ ਚੱਕੀ ਵਿਚ ਪਿੱਸ ਰਹੇ ਕਰੋੜਾਂ ਦਲਿਤ ਭਰਾਵਾਂ, ਦਸਾਂ ਨਹੁੰਆਂ ਦੀ ਸੁੱਚੀ ਕਿਰਤ ਕਰਨ ਵਾਲੇ ਕਿਰਤੀਆਂ, ਮੁਸਲਮਾਨਾਂ ਤੇ ਹੋਰ ਸਭ ਘੱਟ ਗਿਣਤੀਆਂ, ਨਿਓਟਿਆਂ ਤੇ ਨਿਆਸਰਿਆਂ ਨਾਲ ਸਾਡੀਆਂ ਓੜਕਾਂ ਦੀਆਂ ਪਿਆਰ ਭਰੀਆਂ ਸਾਂਝਾਂ ਹਨ। ਉਹ ਸਾਡੇ ਹੀ ਹੱਡ ਮਾਸ ਤੇ ਸਾਡੇ ਹੀ ਲਹੂ ਦਾ ਹਿੱਸਾ ਹਨ। ਨੀਲੇ ਘੋੜੇ ਦੇ ਸ਼ਾਹ ਸਵਾਰ ਨੇ ਤਾਂ ਉਨ੍ਹਾਂ ਨੂੰ ਚਿਰੋਕਣਾ ਹੀ ਪਹਿਚਾਣ ਲਿਆ ਸੀ। ਜਿਨ੍ਹਾਂ ਨੂੰ ਘੁਮੰਡੀ ਬ੍ਰਾਹਮਣਵਾਦ ਨੀਚ, ਚੂਹੜੇ, ਚਮਿਆਰ, ਕਮੀ-ਕਮੀਨ ਤੇ ਪਤਾ ਨਹੀਂ ਹੋਰ ਕਿੰਨੇ ਗਲੀਚ ਸ਼ਬਦਾਂ ਨਾਲ ਆਵਾਜ਼ ਮਾਰਦਾ ਸੀ, ਉਹ ਸਾਰੇ ਸਾਡੇ ਦਸਮੇਸ਼ ਪਿਤਾ ਦੇ ਨਾਦੀ ਪੁੱਤਰ ਬਣੇ ਅਤੇ ਤਖ਼ਤਾਂ ਤੇ ਤਾਜਾਂ ਨੇ ਉਨ੍ਹਾਂ ਨੂੰ ਪ੍ਰਣਾਮ ਕੀਤਾ।"

ਇਹ ਸ਼ਹਾਦਤ ਕੁਝ ਇਸ ਤਰ੍ਹਾਂ ਦੀ ਹੈ ਜਿਸ ਵਿਚ ਦਰਦ ਦੀ ਸੱਚੀ ਸਾਖੀ ਭਾਵੇਂ ਖਾਲਸਾ ਪੰਥ ਦੀ ਹੈ ਪਰ ਗੁਰੂ ਨਾਨਕ ਦੇ ਵਿਹੜੇ ਤੋਂ ਬਾਹਰ ਵਸਦੀਆਂ ਕੌਮਾਂ ਦੇ ਸੁੱਤੇ ਦਰਦ ਵੀ ਇਸ ਚਿੱਠੀ ਰਾਹੀਂ ਜਾਗ ਉੱਠਦੇ ਹਨ।

ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਮਨੁੱਖੀ ਇਤਿਹਾਸ ਦਾ ਉਹ ਦਰਦਨਾਕ ਸਾਕਾ ਹੈ, ਜਿਸ ਦੀ ਮਿਸਾਲ ਹੋਰ ਕਿਤੇ ਨਹੀਂ ਮਿਲਦੀ। ਹਰ ਸ਼ਹੀਦ ਉੱਤੇ ਸਮੇਂ ਦੀ ਸਰਕਾਰ ਕੁਝ ਇਲਜ਼ਾਮ ਲਾਉਂਦੀ ਹੈ ਪਰ ਸਵਾਲ ਪੈਦਾ ਹੁੰਦਾ ਹੈ ਕਿ ਸਾਹਿਬਜ਼ਾਦਿਆਂ ਉੱਤੇ ਤਾਂ ਕੋਈ ਵੀ ਇਲਜ਼ਾਮ ਨਹੀਂ ਸੀ।

ਕਹਿੰਦੇ ਹਨ ਕਿ ਜ਼ਿੰਦਗੀ ਵਿਚ ਸਭ ਤੋਂ ਉੱਚੇ ਸੁੱਚੇ ਰੰਗ ਇਕ ਹਕੀਕਤ ਵਿਚ ਪ੍ਰਗਟ ਹੁੰਦੇ ਹਨ ਅਤੇ ਉਹ ਹਕੀਕਤ



ਹੈ : ਮਾਸੂਮੀਅਤ। ਮਾਸੂਮੀਅਤ ਦਾ ਮੁਕੰਮਲ ਪ੍ਰਕਾਸ਼ ਬੱਚਿਆਂ ਵਿਚ ਹੁੰਦਾ ਹੈ। ਮਾਸੂਮੀਅਤ ਹੀ ਉਹ ਅਨਮੋਲ ਤੋਹਫਾ ਹੈ ਜੋ ਸਾਨੂੰ ਰੱਬ ਦੇ ਕਰੀਬ ਲੈ ਜਾਂਦਾ ਹੈ, ਜੋ ਮਨੁੱਖ ਨੂੰ ਉਸ ਦੇ ਧੁਰ ਅੰਦਰਲੇ ਮਨੁੱਖ ਨਾਲ ਜੋੜ ਦਿੰਦਾ ਹੈ। ਸਾਹਿਬਜ਼ਾਦਿਆਂ ਨੂੰ ਕਤਲ ਕਰਨ ਦਾ ਇਰਾਦਾ ਮਾਸੂਮੀਅਤ ਨੂੰ ਇਸ ਧਰਤੀ ਤੋਂ ਖਤਮ ਕਰਨ ਦਾ ਯਤਨ ਸੀ ਪਰ ਸਾਹਿਬਜ਼ਾਦਿਆਂ ਨੇ ਸ਼ਹਾਦਤ ਦੇ ਕੇ ਇਸ ਧਰਤੀ ਉੱਤੇ ਮਾਸੂਮੀਅਤ ਦਾ ਪਰਚਮ ਬੁਲੰਦ ਕੀਤਾ ਹੈ। ਪਰ ਸਾਹਿਬਜ਼ਾਦਿਆਂ ਦੀ ਮਾਸੂਮੀਅਤ ਵੀ ਸਾਧਾਰਨ ਮਾਸੂਮੀਅਤ ਨਹੀਂ ਸੀ। ਉਸ ਵਿਚ ਜੀਵਨ ਦੀ ਅਗਿਆਨਤਾ ਦਾ ਹਨ੍ਹੇਰਾ ਨਹੀਂ ਸੀ, ਸਗੋਂ ਗਿਆਨ ਤੇ ਚਾਨਣ ਦੀਆਂ ਕਿਰਨਾਂ ਸਨ। ਦਸ ਗੁਰੂਆਂ ਦੀ ਅਨਮੋਲ ਵਿਰਾਸਤ ਦੇ ਸਾਰੇ ਦੀਪ ਉਨ੍ਹਾਂ ਦੀ ਮਾਸੂਮ ਯਾਦ ਵਿਚ ਜਗਦੇ ਸਨ। ਇਹੋ ਕਾਰਨ ਹੈ ਕਿ ਉਨ੍ਹਾਂ ਦੀ ਨਿਰਭਉ ਤੇ ਨਿਰਵੈਰ ਮਾਸੂਮੀਅਤ ਕਿਸੇ ਡਰ ਅੱਗੇ ਨਹੀਂ ਝੁੱਕੀ ਤੇ ਉਨ੍ਹਾਂ ਨੇ ਕਿਸੇ ਲਾਲਚ ਨੂੰ ਪ੍ਰਵਾਨ ਨਹੀਂ ਕੀਤਾ।

ਇੱਕ ਕਦਮ ਅੱਗੇ

ਸਮਰਪਿਤ ਰਾਗੀ-
ਭਾਈ ਮੇਜਰ ਸਿੰਘ ਸ਼ਾਂਤ

ਗੁਰਮਤਿ ਕੀਰਤਨ ਦੇ ਖੇਤਰ ਵਿੱਚ ਅਨੇਕਾਂ ਜੱਥੇ, ਗੁਰੂ ਕਿਰਪਾ ਸਦਕਾ, ਵਡਮੁੱਲਾ ਯੋਗਦਾਨ ਪਾ ਕੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜ ਕੇ ਤਪਤ ਮਾਹਿ ਠਾਢ ਵਰਤਾਈ ਦੇ ਮਹਾਂਵਾਕ ਅਨੁਸਾਰ, ਮਹਾਨ ਸੇਵਾ ਕਰ ਰਹੇ ਹਨ। ਅਜਿਹੇ ਹੀ ਇੱਕ ਸੁਜਾਨ ਰਾਗੀ ਹਨ-ਜਲੰਧਰ ਨਿਵਾਸੀ, ਭਾਈ ਮੇਜਰ ਸਿੰਘ ਸ਼ਾਂਤ। ਭਾਈ ਮੇਜਰ ਸਿੰਘ ਨੂੰ ਬਚਪਨ ਤੋਂ ਹੀ ਕੀਰਤਨ ਦੀ ਚੇਟਕ ਸੀ। ਗੁਰੂ ਘਰ ਦੀ ਸੇਵਾ ਅਤੇ ਸ਼ਬਦ ਕੀਰਤਨ ਦੀ ਲਗਨ, ਉਨ੍ਹਾਂ ਨੂੰ ਆਪਣਾ ਦਾਦਾ ਜੀ ਸਚਖੰਡ

ਵਾਸੀ ਭਾਈ ਦੇਵਾ ਸਿੰਘ ਜੀ ਤੋਂ ਲੱਗੀ ਜਿਹੜੇ ਹੈੱਡ ਗ੍ਰੰਥੀ ਵਜੋਂ ਸੇਵਾ ਕਰਦੇ ਸਨ। ਭਾਈ ਮੇਜਰ ਸਿੰਘ ਦਾ ਜਨਮ ਪਹਿਲੀ ਅਪ੍ਰੈਲ 1978 ਨੂੰ ਭਾਈ ਅਮਰੀਕ ਸਿੰਘ ਦੇ ਘਰ, ਮਾਤਾ ਪ੍ਰਕਾਸ਼ ਕੌਰ ਦੀ ਕੁੱਖੋਂ ਜਲੰਧਰ ਵਿੱਚ ਹੋਇਆ। ਉਨ੍ਹਾਂ ਨੇ ਕੀਰਤਨ ਦੀ ਸਿੱਖਿਆ, ਪ੍ਰਸਿੱਧ ਰਾਗੀ, ਭਾਈ ਗੁਰਮੀਤ ਸਿੰਘ ਸ਼ਾਂਤ ਜਲੰਧਰ ਵਾਲਿਆਂ ਤੋਂ ਪ੍ਰਾਪਤ ਕੀਤੀ। ਇਸ ਤੋਂ ਇਲਾਵਾ ਉਹਨਾਂ ਨੇ ਕਈ ਹੋਰ ਵਿਦਵਾਨਾਂ ਤੋਂ ਵੀ ਦਾਤ ਪ੍ਰਾਪਤ ਕੀਤੀ ਅਤੇ ਫ਼ਿਰ ਬਕਾਇਦਾ ਤੌਰ ਉੱਤੇ ਆਪਣਾ ਰਾਗੀ ਜੱਥਾ ਬਣਾਇਆ। 1990 ਤੋਂ ਉਹਨਾਂ ਕੀਰਤਨ ਸੇਵਾ ਆਰੰਭ ਕੀਤੀ। ਆਪਣੇ ਜੱਥੇ ਸਮੇਤ, ਭਾਈ ਮੇਜਰ ਸਿੰਘ ਪੰਜਾਬ ਤੇ ਭਾਰਤ ਦੇ ਵੱਖ-ਵੱਖ ਇਲਾਕਿਆਂ ਤੋਂ ਇਲਾਵਾ ਕੁਵੈਤ, ਸਿੰਗਾਪੁਰ, ਥਾਈਲੈਂਡ, ਹਾਂਗਕਾਂਗ ਤੇ ਕਈ ਹੋਰ ਮੁਲਕਾਂ ਵਿੱਚ ਕੀਰਤਨ ਕਰਕੇ ਆਏ ਹਨ। ਉਹਨਾਂ ਦੇ ਕੀਰਤਨ ਗਾਇਨ ਵਿੱਚ ਰਾਗਦਾਰੀ ਦਾ ਮਜੀਠ ਰੰਗ ਵੀ ਝਲਕਦਾ ਹੈ ਅਤੇ ਪੁਰਾਤਨ ਬੰਦਿਸ਼ਾਂ ਦੀ ਪੇਸ਼ਕਾਰੀ ਵੀ ਸੁਣਨ ਨੂੰ ਮਿਲਦੀ ਹੈ। ਭਾਈ ਮੇਜਰ ਸਿੰਘ ਕੀਰਤਨ ਦੇ ਵਪਾਰੀਕਰਨ ਦੇ ਹੱਕ ਵਿੱਚ ਨਹੀਂ। ਉਹਨਾਂ ਮੁਤਾਬਕ ਮੌਜੂਦਾ ਕੈਸਿਟ ਕਲਚਰ ਨੇ ਪੁਰਾਤਨ ਪਰੰਪਰਾ ਨੂੰ ਢਾਹ ਲਾਈ ਹੈ। ਉਹ ਆਖਦੇ ਹਨ ਕਿ ਕੀਰਤਨ ਗੁਰੂ ਪਰੰਪਰਾ ਮੁਤਾਬਕ ਹੀ ਹੋਣਾ ਚਾਹੀਦਾ ਹੈ। ਉਹ ਸਵਰਗੀ ਭਾਈ ਦਿਲਬਾਗ ਸਿੰਘ ਬੋਦਲ, ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ (ਦਿੱਲੀ), ਭਾਈ ਅਮਰੀਕ ਸਿੰਘ ਜ਼ਖ਼ਮੀ ਅਤੇ ਸਵਰਗੀ ਪ੍ਰੋਫ਼ੈਸਰ ਹਰਚੰਦ ਸਿੰਘ ਦੀ ਕੀਰਤਨ ਸ਼ੈਲੀ ਤੋਂ ਬੜੇ ਪ੍ਰਭਾਵਿਤ ਹਨ। ਉਹ ਸ਼੍ਰੋਮਣੀ ਰਾਗੀ ਭਾਈ ਬਲਬੀਰ ਸਿੰਘ ਨੂੰ ਉਸਤਾਦ ਮੰਨਦੇ ਹਨ ਅਤੇ ਉਹਨਾਂ ਤੋਂ ਵੀ ਸੰਗੀਤ ਦੀਆਂ ਬਾਰੀਕੀਆਂ ਸਿੱਖਦੇ ਹਨ। ਇਸ ਵੇਲੇ ਉਹਨਾਂ ਦੇ ਜੱਥੇ ਵਿੱਚ ਭਾਈ ਗੁਰਪ੍ਰੀਤ ਸਿੰਘ ਹਰਮੋਨੀਅਮ ਉੱਤੇ ਅਤੇ ਭਾਈ ਸਤਨਾਮ ਸਿੰਘ ਤਬਲੇ 'ਤੇ ਸੰਗਤ ਕਰਦੇ ਹਨ। ਭਾਈ ਸਾਹਿਬ ਦੇ ਜੱਥੇ ਨੂੰ ਜਵੱਦੀ ਟਕਸਾਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਭਾਈ ਮਰਦਾਨਾ ਇੰਟਰਨੈਸ਼ਨਲ ਗੁਰਮਤਿ ਮਿਸ਼ਨਰੀ ਸੋਸਾਇਟੀ ਅਤੇ ਫਿਰੋਜ਼ਪੁਰ ਵਿੱਚ ਭਾਈ ਮਰਦਾਨਾ ਐਵਾਰਡ ਸਮੇਤ ਅਨੇਕਾਂ ਸਨਮਾਨ ਮਿਲੇ ਹਨ। ਆਸ ਤੇ ਅਰਦਾਸ ਕਰਦੇ ਹਾਂ ਕਿ ਭਾਈ ਮੇਜਰ ਸਿੰਘ ਸ਼ਾਂਤ, ਕੀਰਤਨ ਦੇ ਖੇਤਰ ਵਿੱਚ ਹੋਰ ਬੁਲੰਦੀਆਂ ਹਾਸਲ ਕਰਨ।

-ਤੀਰਥ ਸਿੰਘ ਢਿੱਲੋਂ
ਪਿੰਡ-ਢਿੱਲਵਾਂ, ਡਾਕਖਾਨਾ-ਦਕੋਹਾ
ਜਲੰਧਰ

'ਖੇਤਾਂ ਦੇ ਪੁੱਤ ਨੂੰ ਅਸਲ ਸ਼ਰਧਾਂਜਲੀ
ਬਾਲੀਵੁੱਡ: ਅਨੁਰਾਗ ਕਸ਼ਯਪ ਕਰੇਗਾ ਪਾਸ਼ ਨੂੰ ਵਰਤਮਾਨ ਦੇ ਰੂਬਰੂ

ਯਾਦਵਿੰਦਰ ਕਰਫਿਊ
ਨਵੀਂ ਦਿੱਲੀ।

ਵਧਣ ਵਾਲੇ ਬਹੁਤ ਅੱਗੇ,
ਵਧ ਜਾਂਦੇ ਨੇ,
ਉਸ ਸਮੇਂ ਨੂੰ ਨਹੀਂ,
ਸਮਾਂ ਉਹਨਾਂ ਨੂੰ ਪੁੱਛਕੇ ਬੀਤਦੈ॥

ਜਗੀਰੂ ਸਮਾਜ ਦਾ ਖਾਸਾ ਹੈ ਕਿ ਲੋਕਾਂ ਨੂੰ ਕਿਸੇ

ਦੀ ਮੌਤ ਤੋਂ ਬਾਅਦ ਭਾਵਨਾਤਮਿਕ ਤੌਰ 'ਤੇ ਉਸਦੀਆਂ ਅਛਾਈਆਂ ਹੀ ਨਜ਼ਰ ਆਉਂਦੀਆਂ ਹਨ। ਅਜਿਹੇ ਸਮਾਜ 'ਚ ਇੰਨੀ ਹਿੰਮਤ ਨਹੀਂ ਹੁੰਦੀ ਕਿ ਉਹ ਮੌਤ ਤੋਂ ਬਾਅਦ ਕਿਸੇ ਵੀ ਵਿਚਾਰਧਾਰਕ ਪੱਧਰ 'ਤੇ ਚੰਗਿਆਈਆਂ ਜਾਂ ਬੁਰਾਈਆਂ ਦੀ ਅਲੋਚਨਾ ਕਰੇ। ਮੌਤ ਤੋਂ ਬਾਅਦ ਬੁਰਾਈਆਂ ਦੇ ਕਿਸੇ ਪੁਤਲੇ 'ਚ ਸਭ ਚੰਗਾ-ਚੰਗਾ ਜਾਪਣ ਲੱਗ ਜਾਂਦਾ ਹੈ। ਚੰਗਿਆਈਆਂ ਦੀ ਹਨੇਰੀ 'ਚ ਅਲੋਚਨਾ ਦਾ ਰੁਲਣਾ ਖ਼ਤਰਨਾਕ ਵਰਤਾਰਾ

ਹੈ। ਇਸੇ ਖਾਸੇ ਦੀ ਖਾਸੀਅਤ ਹੈ ਕਿ ਮੌਤ ਤੋਂ ਬਾਅਦ ਮਹਾਨਤਾ ਦੇਣ ਵਾਲਾ ਉਹੀ ਸਮਾਜ ਜਿਉਂਦਿਆਂ ਅਪਨਾਉਣ ਦੀ ਕੋਸ਼ਿਸ਼ ਨਹੀਂ ਕਰਦਾ ਹੈ। ਪੰਜਾਬ ਦੀ ਧਰਤੀ 'ਤੇ ਬਾਬੇ ਨਾਨਕ ਤੋਂ ਲੈ ਕੇ ਪਾਸ਼ ਤੱਕ ਇਹੀ ਤਰਾਸ਼ਦੀ ਰਹੀ ਹੈ ਕਿ ਪੰਜਾਬੀ ਦੇ ਅਗਾਹਵਧੂ ਕਹਾਉਂਦੇ ਸੈਕਸ਼ਨ ਆਪਣੇ ਯੋਧਿਆਂ ਤੇ ਦਾਰਸ਼ਨਿਕਾਂ ਨੂੰ ਲੋਕਾਂ ਦੇ ਰੂਬਰੂ ਕਰਵਾਉਣ 'ਚ ਅਸਫ਼ਲ ਰਹੇ ਹਨ। ਸਮਾਜਿਕ ਜਾਂ ਰਾਜਨੀਤਿਕ ਲਹਿਰਾਂ 'ਚ ਬਹੁਤ ਹੀ ਘੱਟ ਇਤਿਹਾਸ ਨੂੰ ਵਰਤਮਾਨ ਦੇ ਰੂਬਰੂ ਕੀਤਾ ਗਿਆ ਹੈ। ਪੰਜਾਬ ਨੂੰ ਕਦੇ ਨੂੰ ਪੰਜਾਬੀ ਤਰਜ਼ 'ਤੇ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ ਗਈ ਸਿਵਾਇਏ ਇਸ ਦੇ ਕਿ ਜਦੋਂ ਕਦੇ ਵੀ ਦੋ ਧੜੇ ਆਪਸ 'ਚ ਬਹਿਸੇ ਤਾਂ ਸਿਹਤਮੰਦ ਬਹਿਸ ਦੀ ਬਜਾਏ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਪਿੱਛੇ ਧੱਕਣ ਲਈ ਲਿਖਤੀ ਦੇ ਅਮਲੀ ਅਰਾਜਕਤਾ ਫੈਲਾਈ ਗਈ। ਗੱਲ ਪਾਸ਼ 'ਤੇ ਮਸ਼ਹੂਰ ਫ਼ਿਲਮ ਨਿਰਦੇਸ਼ਕ ਅਨੁਰਾਗ ਕਸ਼ਯਪ ਵਲੋਂ ਬਣਾਈ ਜਾ ਰਹੀ ਫ਼ਿਲਮ ਦੀ ਸ਼ੁਰੂ ਕਰਨੀ ਸੀ, ਪਰ ਕੁਝ ਗੱਲਾਂ ਕਹਿਣੀਆਂ ਸਮੇਂ ਦੀ ਲੋੜ ਲੱਗੀ। ਅਨੁਰਾਗ ਕਸ਼ਯਪ ਜੁਝਾਰੂ ਕਵੀ 'ਅਵਤਾਰ ਸਿੰਘ ਸੰਧੂ' ਉਰਫ਼ ਪਾਸ਼ 'ਤੇ ਫ਼ਿਲਮ ਬਣਾਉਣ ਲਈ ਅੱਜ ਕੱਲ੍ਹ ਉਸ ਸੰਵੇਦਨਸ਼ੀਲ ਕਵੀ ਦੀ ਜ਼ਿੰਦਗੀ ਦੇ ਵਰਕੇ ਫਰੋਲਣ ਲੱਗਿਆ ਹੋਇਆ ਹੈ। ਇਹ ਫ਼ਿਲਮ ਯੂ.ਟੀ.ਵੀ. ਵਲੋਂ ਪਰਡਿਊਸ ਕੀਤੀ ਜਾ ਰਹੀ ਹੈ। ਅਨੁਰਾਗ ਕਸ਼ਯਪ ਆਪਣੇ ਪੰਜਾਬ ਦੌਰੇ ਦੌਰਾਨ ਪਾਸ਼ ਨਾਲ ਜੁੜੇ ਕਈ ਲੋਕਾਂ ਨੂੰ ਵੀ ਮਿਲਿਆ ਹੈ। ਇਸ ਫ਼ਿਲਮ 'ਚ ਪਾਸ਼ ਦਾ ਰੋਲ ਇਰਫਾਨ ਕਰ ਰਿਹਾ ਹੈ। ਇਰਫਾਨ ਇਨ੍ਹੀਂ ਦਿਨੀਂ ਪਾਸ਼ ਦੇ ਜੀਵਨ ਤੇ ਕਵਿਤਾ ਨੂੰ ਦੇ ਅਧਿਐਨ 'ਚ ਰੁੱਝਿਆ ਹੋਇਆ ਹੈ ਤੇ ਉਸ ਨੇ ਪੰਜਾਬੀ ਸਿੱਖਣੀ ਵੀ ਸ਼ੁਰੂ ਕਰ ਦਿੱਤੀ ਹੈ ਤਾਂ ਕਿ ਪਾਸ਼ ਦੀਆਂ ਕਵਿਤਾਵਾਂ ਨੂੰ ਉਹ ਸਕਰੀਨ 'ਤੇ ਨਿਖਾਰ ਸਕੇ। ਹੁਣ ਸਵਾਲ?... ਪਾਸ਼ ਦੀ ਤੁਲਨਾ ਦੁਨੀਆਂ ਦੇ ਮਸ਼ਹੂਰ ਸਪੇਨਿਸ਼ ਕਵੀ ਲੋਰਕਾ ਤੇ ਚਿੱਲੀ ਦੇ ਪਾਬਲੋ ਨੈਰੂਦਾ ਨਾਲ ਕੀਤੀ ਜਾਂਦੀ ਹੈ, ਕੀ ਅਨੁਰਾਗ ਕਸ਼ਯਪ ਸਿਲਵਰ ਸਕਰੀਨ 'ਤੇ ਉਸ ਦੀ ਵਿਚਾਰਧਾਰਾ ਨੂੰ ਉਸ ਪੱਧਰ ਦਾ ਟਰੀਟਮੈਂਟ ਦੇ ਪਾਵੇਗਾ ਜਾਂ ਪਾਸ਼ ਦੀ ਹਾਲਤ ਵੀ ਰਾਸ਼ਟਰਵਾਦੀ ਭਗਤ ਸਿੰਘ ਵਾਲੀ ਹੋਵੇਗੀ। ਸਿਲਵਰ ਸਕਰੀਨ ਨੇ 'ਸ਼ਹੀਦ' ਜਾਂ 'ਰੰਗ ਦੇ ਬਸੰਤੀ' ਵਗੈਰਾ ਫ਼ਿਲਮਾਂ ਦੇ ਰਾਹੀਂ ਜਿਸ ਤਰ੍ਹਾਂ ਦਾ ਖਿਲਵਾੜ ਭਗਤ ਸਿੰਘ ਨਾਲ ਕੀਤਾ, ਉਹ ਦੁਖਦਾਈ ਹੀ ਨਹੀਂ ਬਲਕਿ ਬਹੁਤ ਖ਼ਤਰਨਾਕ ਹੈ। ਵੈਸੇ ਦਿੱਲੀ 'ਚੋਂ ਨਿਕਲੇ ਡਾਇਰੈਕਟਰਾਂ ਤੇ ਐਕਟਰਾਂ ਦਾ (ਕੁਝ ਨੂੰ ਛੱਡਕੇ) ਬੰਬਈਆਂ ਫ਼ਿਲਮੀ ਦੁਨੀਆਂ ਨਾਲੋਂ ਥੋੜ੍ਹਾ ਬਹੁਤ ਫਰਕ ਜ਼ਰੂਰ ਰਿਹਾ ਹੈ, ਕਿਉਂਕਿ ਦਿੱਲੀ ਦਾ ਸਮਾਜਿਕ ਅਤੇ ਰਾਜਨੀਤਿਕ ਮਾਹੌਲ 'ਚ ਅੱਜ ਵੀ ਇੱਕ ਸਪੇਸ ਹੈ, ਜੋ ਸੋਚਣ ਸਮਝਣ ਦਾ ਮੌਕਾ ਦਿੰਦਾ ਹੈ, ਪਰ ਮੁੰਬਈ ਇਸਦੇ ਬਿਲਕੁਲ ਉਲਟ ਹੈ। ਅਨੁਰਾਗ ਵੀ ਦਿੱਲੀ ਯੂਨੀਵਰਸਿਟੀ ਦੇ ਹੰਸ ਰਾਜ ਕਾਲਜ ਦੀ ਪੈਦਾਇਸ਼ ਹੈ। ਸਾਇੰਸ (ਜ਼ੌਅਲਜ਼ੀ) ਦਾ ਵਿਦਿਆਰਥੀ ਹੁੰਦਾ ਹੋਇਆ 1993 ਦੇ ਦਿਨਾਂ 'ਚ 'ਜਨ ਨਾਟਿਆ ਮੰਚ' ਨਾਲ ਜੁੜਿਆ ਰਿਹਾ। ਉਸੇ ਦੌਰਾਨ ਉਸਨੇ ਦਿੱਲੀ ਦੀਆਂ ਝੁੱਗੀਆਂ ਚੋਪੜੀਆਂ ਬਸਤੀਆਂ 'ਚ ਨਾਟਕ ਖੇਡੇ। ਇਸੇ ਦੌਰਾਨ ਉਹ ਮਾਨਸਿਕ ਤੌਰ 'ਤੇ ਅੱਪਸੈੱਟ ਤੇ ਕਾਫ਼ੀ

ਨਸ਼ੱਈਆ ਵੀ ਹੋ ਗਿਆ ਹੈ। ਅਨੁਰਾਗ ਦੇ ਇਸ ਤਰ੍ਹਾਂ ਦੇ ਪਿਛੋਕੜ ਤੋਂ ਲਗਦਾ ਹੈ ਕਿ ਉਹ ਸਿਲਵਰ ਸਕਰੀਨ 'ਤੇ ਪਾਸ਼ ਦੀ ਜ਼ਿੰਦਗੀ ਦੇ ਹਰ ਪੱਖ-ਵਿਪੱਖ ਨੂੰ ਪੇਸ਼ ਕਰੇਗਾ ਤੇ ਪਾਸ਼ ਦੀ ਫ਼ਿਲਮ ਨੂੰ ਬੰਬਈਆਂ ਫਿਲਮਸਾਜ਼ੀ ਤੋਂ ਬਚਾਵੇਗਾ। ਇਸ ਫ਼ਿਲਮ ਬਾਰੇ ਇਹ ਵੀ ਸੂਚਨਾ ਹੈ ਕਿ ਕਿਸੇ ਵਲੋਂ ਇਸ ਪ੍ਰੋਜੈਕਟ ਨੂੰ ਰਕਵਾਉਣ ਦੀ ਕੋਸ਼ਿਸ਼ ਕੀਤੀ ਗਈ। ਅਜਿਹੀ ਉਮੀਦ ਕਿਸੇ ਸੰਘੀਆਂ ਤੋਂ ਕੀਤੀ ਜਾ ਸਕਦੀ ਹੈ, ਕਿਉਂਕਿ ਐਨ.ਡੀ.ਏ. ਦੇ ਕਾਰਜਕਾਲ ਕੈਬਨਿਟ ਮੰਤਰੀ ਰਹੀ ਸ਼ੁਸ਼ਮਾ ਸਵਰਾਜ ਬਾਰ੍ਹਵੀਂ ਸਮਾਜ ਦੇ ਸਿਲੇਬਸ 'ਚੋਂ ਪਾਸ਼ ਦੀ ਕਵਿਤਾ (ਸਭ ਤੋਂ ਖ਼ਤਰਨਾਕ) ਕਢਵਾਉਣ ਲਈ ਆਪਣੀ ਪੂਰੀ ਵਾਹ ਲਗਾ ਚੁੱਕੀ ਹੈ।

ਸਭ ਤੋਂ ਖ਼ਤਰਨਾਕ ਹੁੰਦਾ ਹੈ
ਸਾਡੇ ਸੁਪਨਿਆਂ ਦਾ ਮਰ ਜਾਣਾ
ਸਭ ਤੋਂ ਖਤਰਨਾਕ ਉਹ ਘੜੀ ਹੁੰਦੀ ਹੈ
ਤੁਹਾਡੇ ਗੁੱਟ 'ਤੇ ਚਲਦੀ ਹੋਈ ਵੀ ਜੋ
ਤੁਹਾਡੀ ਨਜ਼ਰ ਲਈ ਖੜੀ ਹੁੰਦੀ ਹੈ।
ਸਭ ਤੋਂ ਖਤਰਨਾਕ ਉਹ ਅੱਖ ਹੁੰਦੀ ਹੈ
ਜੋ ਸਭ ਕੁਝ ਦੇਖਦੀ ਹੋਈ ਵੀ ਠੰਡੀ ਯੱਖ ਹੁੰਦੀ ਹੈ
ਜਿਸ ਦੀ ਨਜ਼ਰ ਦੁਨੀਆਂ ਨੂੰ ਮੁਹੱਬਤ ਨਾਲ ਚੁੰਮਣਾ ਭੁੱਲ ਜਾਂਦੀ ਹੈ।

ਸਿਲਵਰ ਸਕਰੀਨ 'ਤੇ ਪਾਸ਼ ਦੇ ਆਉਣ ਦੀ ਸਾਨੂੰ ਸਭ ਨੂੰ ਉਡੀਕ ਰਹੇਗੀ। ਉਮੀਦ ਹੈ ਕਿ ਅਨੁਰਾਗ ਕਸ਼ਯਮ ਵੀ ਇਸ ਇਤਿਹਾਸਕ ਜ਼ਿੰਮੇਵਾਰੀ ਨੂੰ ਸਮਝਦੇ ਤੇ ਪਛਾਣਦੇ ਹੋਏ ਲੋਕਾਂ ਦੀਆਂ ਉਮੀਦਾਂ 'ਤੇ ਖਰ੍ਹੇ ਉਤਰਨਗੇ।

ਤਾਲ ਬਿਨਾਂ ਜੀਵਨ ਅਧੂਰਾ ਹੈ
ਸ਼ਮਸ਼ੇਰ ਖਾਨ

ਸ਼ਮਸ਼ੇਰ ਖਾਨ ਜਿਹਨੂੰ ਸਾਰੇ ਸੰਨੀ ਦੇ ਨਾਮ ਨਾਲ ਜਾਣਦੇ ਨੇ ਪਿੰਡ ਫਰਾਲਾ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦਾ ਵਸਨੀਕ ਹੈ। ਜਦੋਂ ਵੀ ਉਸ ਨੂੰ ਮਿਲੋ ਤਾਂ ਉਹਦੇ ਮੂੰਹੋਂ ਇਹੋ ਨਿਕਲਦੈ ਕਿ ਬੂਟਾ ਮੁਹੰਮਦ ਨਾਲ ਪ੍ਰੋਗਰਾਮ 'ਤੇ ਗਿਆ ਸੀ, ਹੁਣ ਰਾਤ ਨੂੰ ਰੌਸ਼ਨ ਪ੍ਰਿੰਸ ਨਾਲ ਜਾਣਾ ਹੈ। ਕਦੇ ਉਹ ਦੇਬੀ ਮਖ਼ਸੂਸਪੁਰੀ ਜੀ ਨਾਲ ਪ੍ਰੋਗਰਾਮ 'ਤੇ ਹੁੰਦੈ ਤੇ ਕਦੇ ਕਿਸੇ ਹੋਰ ਨਾਮਵਰ ਕਲਾਕਾਰ ਨਾਲ।

ਪ੍ਰਸਿੱਧ ਪੰਜਾਬੀ ਗਾਇਕੀ ਨਾਲ ਉਹ ਸਟੇਜਾਂ 'ਤੇ ਢੋਲ ਵਜਾਉਂਦਾ ਹੈ। ਉਸ ਅਨੁਸਾਰ ਰਿਦਮ ਤਾਂ ਬਚਪਨ ਤੋਂ ਹੀ ਉਸ ਦੇ ਨਾਲ-ਨਾਲ ਹੈ, ਤਾਲ ਬਿਨਾਂ ਤਾਂ ਜੀਵਨ 'ਚ ਇੱਕ ਖਾਲੀਪਣ ਹੈ, ਅਧੂਰਾ ਹੈ। ਕਲਾ ਉਸ ਨੂੰ ਵਿਰਾਸਤ 'ਚ ਹੀ ਮਿਲੀ ਹੈ ਕਿਉਂਕਿ ਉਸਦੇ ਪਿਤਾ ਸ੍ਰੀ ਦਿਲਦਾਰ ਮੁਹੰਮਦ ਜੀ ਉਸਤਾਦ ਲੋਕ ਸਨ, ਉਸਦੇ ਤਾਇਆ ਜੀ ਸ੍ਰੀ ਸਰਦਾਰ ਮੁਹੰਮਦ ਨੂੰ ਕੌਣ ਨਹੀਂ ਜਾਣਦਾ? ਉਸਦੇ ਭਰਾ ਪ੍ਰਸਿੱਧ ਗਾਇਕ ਜਨਾਬ ਬੂਟਾ ਮੁਹੰਮਦ ਬਲਬੀਰ ਮੁਹੰਮਦ (ਰਿਦਮ ਮਾਸਟਰ) ਸੰਗੀਤਕਾਰ ਭਰਾ-ਸ੍ਰੀ ਸਦੀਕ ਮੁਹੰਮਦ ਜੀ। ਜਿਹਦਾ ਪਰਿਵਾਰ ਹੀ ਕਲਾ ਨੂੰ ਪ੍ਰਣਾਇਆ ਗਿਆ ਹੋਵੇ ਤਾਂ ਭਲਾ ਉਹ ਕਿਵੇਂ ਕਿਸੇ ਤੋਂ ਘੱਟ ਹੋਵੇਗਾ। ਵਿਰਾਸਤ 'ਚੋਂ ਹੀ ਨਸੀਬ ਹੋਈ ਕਲਾ ਕਰਕੇ ਉਹ ਆਪਣੇ ਆਪ ਨੂੰ ਬੜਾ ਖੁਸ਼ਨਸੀਬ ਸਮਝਦੈ ਤੇ ਆਖਦੈ ਕਿ ਕਲਾ ਕਰਕੇ ਹੀ ਉਹ ਸਥਾਨ ਵੀ ਘੁੰਮ ਲਏ ਜਿੱਥੇ ਸ਼ਾਇਦ ਉਂਝ ਨਾ ਜਾ ਪਾਉਂਦਾ। ਲੱਗਭੱਗ ਸਾਰੇ ਪੰਜਾਬ ਤੋਂ ਬਾਹਰ ਉਹ ਦਿੱਲੀ, ਹਿਮਾਚਲ ਪ੍ਰਦੇਸ਼, ਹਰਿਆਣਾ, ਯੂ.ਪੀ., ਰਾਜਸਥਾਨ ਵਿਖੇ ਵੀ ਪ੍ਰੋਗਰਾਮ ਕਰ ਚੁੱਕਾ ਹੈ। ਉਹ ਕੈਨੇਡਾ, ਦੁੱਬਈ ਆਦਿ ਦੇਸ਼ਾਂ 'ਚ ਵੀ ਢੋਲ ਵਜਾ ਚੁੱਕਿਆ। ਸੋਹਣਾ ਸੁਨੱਖਾ ਤਾਂ ਉਹ ਹੈ ਹੀ, ਸਗੋਂ ਉਸਦਾ ਹਰ ਇੱਕ ਨਾਲ ਮਿਲਣਸਾਰ ਸੁਭਾਅ ਉਸ ਨੂੰ ਹੋਰ ਵੀ ਹਰਮਨ ਪਿਆਰਾ ਬਣਾਉਂਦਾ ਹੈ। ਵਧੀਆ ਗਾਇਕੀ ਸੁਣ ਕੇ ਜਿੱਥੇ ਸਰੋਤੇ ਅੱਸ਼-ਅੱਸ਼ ਕਰ ਉੱਠਦੇ ਹਨ, ਉੱਥੇ ਹੀ ਵਧੀਆ ਸਾਜੀ ਨਾਲ ਗਾਇਕ ਵੀ ਮਾਣ ਹਿਸੂਸ ਕਰਦਾ ਹੈ ਤੇ ਉਸ ਦੀ ਸਟੇਜ ਪ੍ਰਫਾਰਮੈਂਸ ਹੋਰ ਵੀ ਨਿਖਰ ਜਾਂਦੀ ਹੈ। ਸ਼ਮਸ਼ੇਰ ਖਾਨ ਉਰਫ਼ ਸੰਨੀ ਵੀ ਅਜਿਹਾ ਹੀ ਢੋਲ ਮਾਸਟਰ ਹੈ ਜਿਹਨੂੰ ਹਰ ਕਲਾਕਾਰ ਆਪਣੇ ਨਾਲ ਪ੍ਰੋਗਰਾਮ 'ਤੇ ਮੂੰਹ ਮੰਗੇ ਪੈਸੇ ਦੇ ਕੇ ਲਿਜਾਣਾ ਚਾਹੁੰਦਾ ਹੈ। ਮੇਰੀਆਂ ਸ਼ੁਭ ਇੱਛਾਵਾਂ ਹਮੇਸ਼ਾਂ ਸੰਨੀ ਦੇ ਨਾਲ ਰਹੀਆਂ ਹਨ ਤੇ ਹਮੇਸ਼ਾਂ ਰਹਿਣਗੀਆਂ ਤੇ ਉਹ ਇੰਝ ਹੀ ਆਪਣੀ ਕਲਾ ਦੇ ਦਮ 'ਤੇ ਹਰ ਇੱਕ ਨੂੰ ਆਪਣਾ ਮੁਰੀਦ ਬਣਾਉਂਦਾ ਹੈ।

- ਜਗਦੀਸ਼ ਰਾਣਾ

CMYK